# ਦੇਹਰਾਦੂਨ ਦਾ ਰਹਿਣ ਵਾਲੇ ਖ਼ਾਲਸਾ ਏਡ ਦੇ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

ਮੋਗਾ/ 22 ਅਪ੍ਰੈਲ 2020/ ਮਵਦੀਲਾ ਬਿਓਰੋ



ਖਾਲਸਾ ਏਡ ਦੇ ਸੇਵਾਦਾਰ ਇੰਦਰਪ੍ਰੀਤ ਸਿੰਘ ਦੀ ਕਾਰ ਹਾਦਸੇ ਵਿੱਚ ਮੌਤ ਹੋ ਜਾਣ ਕਾਰਨ ਸਿੱਖ ਭਾਈਚਾਰੇ ਵਿੱਚ ਸੋਗ ਦੀ ਲਹਿਰ ਦੋੜ ਗਈ। ਜਾਣਕਾਰੀ ਮੁਤਾਬਕ ਰਾਤ ਦੇ ਸਮੇਂ ਖਾਲਸਾ ਏਡ ਦੇ ਸੇਵਾਦਾਰਾ ਦੀ ਕਾਰ ਬਾਜਾਖਾਨਾ ਤੋਂ ਬਠਿੰਡਾ ਰੋਡ 'ਤੇ ਦੁਰਘਟਨਾ ਦਾ ਸ਼ਿਕਾਰ ਹੋ ਗਈ ਜਿਸ ਵਿੱਚ ਸਵਾਰ ਖਾਲਸਾ ਏਡ ਦੇ ਦੋ ਸੇਵਾਦਾਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਜੋ ਬਠਿੰਡਾ ਵਿਖੇ ਕੋਰੋਨਾ ਬਿਮਾਰੀ ਦੇ ਚਲਦਿਆਂ ਲੋੜਵੰਦਾਂ ਲਈ ਰਾਸ਼ਨ 'ਤੇ ਹੋਰ ਸਮੱਗਰੀ ਦੇ ਕੇ ਵਾਪਸ ਜਾ ਰਹੇ ਸਨ।

ਦੋਨਾ ਸੇਵਾਦਾਰਾ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਇਲਾਜ ਦੌਰਾਨ ਇੰਦਰਪ੍ਰੀਤ ਸਿੰਘ ਦੇਹਰਾਦੂਨ ਦੀ ਮੌਤ ਹੋ ਗਈ ਅਤੇ ਉਸ ਦਾ ਸਾਥੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਖਾਲਸਾ ਏਡ ਦੇ ਇਸ ਨੌਜਵਾਨ ਦੀ ਮੌਤ ਨਾਲ ਸਿੱਖ ਕੌਮ ਨੂੰ ਇੱਕ ਅਜਿਹੇ ਸੇਵਾਦਾਰ ਦਾ ਘਾਟਾ ਪਿਆ ਹੈ ਜੋ ਪੂਰਾ ਨਹੀਂ ਹੋ ਸਕਦਾ।

# ਸਕੂਲੀ ਬੱਸਾਂ ਨੂੰ ਸਰਕਾਰ ਵੱਲੋਂ ਪੈ ਰਹੀ ਹੈ ਦੂਹਰੀ ਮਾਰ

ਬਾਘਾ ਪੁਰਾਣਾ/ 23 ਅਪ੍ਰੈਲ 2020/ ਰਾਜਿੰਦਰ ਸਿੰਘ ਕੋਟਲਾ




ਕਰੋਨਾਂ ਮਹਾਂਮਾਰੀ ਤੋਂ ਪਹਿਲਾਂ ਇੱਕ ਸਕੂ.ਲ ਵੈਨ ਹਾਸਦਾ ਸੰਗਰੂਰ ਵਿੱਚ ਹੋਇਆ ਸੀ ਅਤੇ ਉਸ ਮੰਦਭਾਗੇ ਹਾਸਦੇ ਕਾਰਨ ਸਰਕਾਰ ਨੇ ਸਖ਼ਤੀ ਵਰਤਦੇ ਹੋਏ ਪੰਜਾਬ ਦੇ ਸਾਰੇ ਡੀ.ਸੀ ਅਤੇ ਐੱਸ.ਡੀ.ਐੱਮ ਨੂੰ ਉਦੇਸ਼ ਦੇ ਕੇ ਸਕੂਲੀ ਬੱਸਾਂ ਦੀ ਸਖ਼ਤ ਨਾਲ ਜਾਂਚ ਪੜ੍ਹਤਾਲ ਕੀਤੀ ਅਤੇ ਬਹੁੱਤ ਸਾਰੀਆਂ ਸਕੂਲ ਬੱਸਾਂ ਨੂੰ ਬੰਦ ਕਰਵਾ ਦਿੱਤਾ ਗਿਆ, ਬਹੁਤ ਸਾਰੀਆਂ ਸਕੂਲ ਬੱਸਾਂ ਨਵੀਆਂ ਜਾਂ 12, 13 ਮਾਡਲ ਤੋਂ ਉੱਪਰ ਪਵਾ ਦਿੱਤੀਆਂ ਗਈਆਂ ਅਤੇ ਟੈਕਸ, ਬੀਮਾਂ, ਪਰਮਿਟ ਅਤੇ ਹੋਰ ਲੋੜ੍ਹੀਦੀਆਂ ਸ਼ਰਤਾਂ ਵੀ ਪੂਰੀਆਂ ਕਰਵਾਈਆ ਗਈਆਂ।

ਇਹ ਸਕੂਲ ਵੈਨਾਂ ਮੱਧ ਵਰਗ ਨਾਲ ਸਬੰਧ ਰੱਖਦੇ ਬੇਜ਼ਮੀਨੇ ਕਿਸਾਨ ਜਾਂ ਬੇਰੁਜ਼ਗਾਰ ਨੌਜਵਾਨਾਂ ਨੇ ਆਪਣੀ ਰੋਜੀ ਰੋਟੀ ਤੇ ਪਰਿਵਾਰ ਦੇ ਪਾਲਣ ਪੋਸ਼ਣ ਤੇ ਰੁਜ਼ਗਾਰ ਦਾ ਸਾਧਨ ਸਨ ਜੋ ਕਿ ਸਿੱਧਾ ਕਿਰਾਇਆ ਬੱਚਿਆਂ ਤੋਂ ਲੈਂਦੇ ਸਨ। ਹੁਣ ਕੋਰਨਾਂ ਮਹਾਂਮਾਰੀ ਕਾਰਨ ਸਕੂਲ ਬੰਦ ਹਨ ਬੱਸਾਂ ਨੂੰ ਟੈਕਸ ਬੀਮਾਂ ਤੇ ਲੋਨ ਕਿਸ਼ਤਾਂ ਪੈ ਰਹੀਆਂ ਹਨ ਤੇ ਕਿਰਾਇਆ ਤਾਂ ਆਉਂਦਾ ਨਹੀਂ ਹੈ। ਡਰਾਈਵਿਰ ਤੇ ਕੰਡਕਟਰ ਦੀਆਂ ਤਨਖ਼ਾਹਾਂ ਵੀ ਦੇਣੀਆਂ ਪੈਣੀਆਂ ਹਨ ਜੋ ਇਸ ਹਾਲਾਤ ਵਿੱਚ ਸੰਭਵ ਨਹੀਂ ਹਨ।

ਪਹਿਲਾਂ ਹੀ ਬੇਰੁਜ਼ਗਾਰੀ ਨਾਲ ਜੂਝ ਰਹੇ ਲੋਕ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਜਾਣਗੇ। ਜੋ ਕਿ ਖੁਦਕ਼ਸ਼ੀਆਂ ਦਾ ਕਾਰਨ ਵੀ ਬਣ ਸਕਦੇ ਹਨ। ਇਹ ਸਾਰੇ ਮੱਧ ਸਬੰਧਿਤ ਹਨ।ਹਲਾਕਿ ਸਮੇਂ-ਸਮੇਂ ਤੇ ਵੋਟਾਂ ਵੇਲੇ ਕੀਤੀਆਂ ਜਾਂਦੀਆਂ ਰੈਲੀਆਂ ਵਿੱਚ ਬੰਦੇ ਇਕੱਠੇ ਕਰਨ ਲਈ ਇਨ੍ਹਾਂ ਸਕੂਲਾਂ ਵੈਨਾਂ ਨੂੰ ਹੀ ਨਾਂ ਮਾਤਰ ਤੇਲ ਖ਼ਰਚ ਦੇ ਕੇ ਭੇਜਿਆ ਜਾਂਦਾ ਹੈ। ਇਸ ਲਈ ਸਰਕਾਰ ਦਾ ਫਰਜ਼ ਬਣਦਾ ਹੈ ਕਿ ਇਸ ਔਖੇ ਸਮੇਂ ਇਸ ਕਿੱਤੇ ਨੂੰ ਬਚਾਉਣ ਲਈ ਸਰਕਾਰ ਇਨ੍ਹਾਂ ਸਕੂਲ ਬੱਸਾਂ ਦੇ ਟੈਕਸ, ਬੀਮਾਂ ਅਤੇ ਲੋਨ ਕਿਸ਼ਤਾਂ ਵਿੱਚ ਮਾਫ਼ੀ ਦੇ ਕੇ ਰਾਹਤ ਦਿੱਤੀ ਜਾਵੇ।

ਇਸ ਮੌਕੇ ਸਮੂਹ ਸਕੂਲ ਐਂਡ ਕਾਲਜ ਬੱਸ ਆਪਰੇਟਰ ਯੂਨੀਅਨ ਅਤੇ ਜਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਚੀਮਾਂ, ਗੁਰਚਰਨ ਸਿੰਘ, ਪ੍ਰਿਤਪਾਲ ਸਿੰਘ, ਅਮਰਜੀਤ ਸਿੰਘ, ਸ਼ਿੰਦਰਪਾਲ ਸਿੰਘ, ਬਲਜਿੰਦਰ ਸਿੰਘ, ਮਲਕੀਤ ਸਿੰਘ, ਕੁਲਵਿੰਦਰ ਸਿੰਘ, ਕਰਮਜੀਤ ਸਿੰਘ ਆਦਿ ਹਾਜ਼ਰ ਸਨ।

# ਗਰਭਵਤੀ ਔਰਤ ਦੀ ਮੱਦਦ ਕਰਕੇ ਮੋਗਾ ਪੁਲਿਸ ਨੇ ਸਖਤ ਡਿਊਟੀ. ਦੇ ਨਾਲ ਚੰਗੀ ਇਨਸਾਨੀਅਤ ਦਾ ਦਿੱਤਾ ਸਬੂਤ -ਸੀਨੀਅਰ ਕਪਤਾਨ ਪੁਲਿਸ

ਮੋਗਾ / ਭਵਨਦੀਪ ਸਿੰਘ ਪੁਰਬਾ, ਇਕਬਾਲ ਖੋਸਾ



ਸੀਨੀਅਰ ਕਪਤਾਨ ਪੁਲਿਸ ਸ੍ਰੀ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ 02 ਅਤੇ 03 ਅਪ੍ਰੈਲ ਦੀ ਦਰਿਮਆ ਨੀ ਰਾਤ ਨੂੰ ਮੋਗਾ ਪੁਲਿਸ ਦੇ ਸਹਾਇਕ ਥਾਣੇਦਾਰ ਬਿਕਰ ਸਿੰਘ ਅਤੇ ਸਿਪਾਹੀ ਸੁਖਜਿੰਦਰ ਸਿੰਘ ਜਦ ਧਰਮਕੋਟ ਸ਼ਹਿਰ ਵਿੱਚ ਪੈਟ੍ਰੋਲਿੰਗ ਡਿਊਟੀ ਤੇ ਸਨ ?ਤਾ ਉਹਨਾ ਨੇ ਅੱਧੀ ਰਾਤ ਨੂੰ ਮੋਟਰਸਾਇਕਲ ਉੱਪਰ ਇਕ ਆਦਮੀ ਅਤੇ ਔਰਤ ਨੂੰ ਪੁਛਗਿਛ ਲਈ ਰੋਕਿਆ ਜਿਨ੍ਹਾ ਨੇ ਦਸਿਆ ਕੇ ਔਰਤ ਜੋਤੀ ਪਤਨੀ ਹਰਮੇਸ਼ ਕੁਮਾਰ ਵਾਸੀ ਧਰਮਕੋਟ ਗਰਭਵਤੀ ਹੈ ਅਤੇ ਗਰਭਵਤੀ ਪੀੜਾ ਸਹਿਣ ਕਰ ਰਹੀ ਹੈ।

ਉਨ੍ਹਾਂ ਦੱਸਿਆ ਕਿ ਅਸੀ ਬਹੁਤ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲ ਦਾ ਕੁੰਡਾ ਖੜਕਾ ਚੁਕੇ ਹਾਂ, ਪਰ ਕਿਸੇ ਨੇ ਗੇਟ ਨਹੀ ਖੋਲਿਆ ਏਨੇ ਵਿਚ ਗਰਭਵਤੀ ਔਰਤ ਅਤ ਦੀ ਪੀੜਾਂ ਵਿਚ ਉਚੀ-ਉਚੀ ਕਰਲਾਉਣ ਲਗ ਪਈ ਤਾ ਇਹਨਾ ਮੁਲਾਜਮਾ ਨੇ ਨਾਲ ਦੀ ਅਬਾਦੀ ਵਿਚੋ ਕੁਝ ਸਿਆਣਿਆ ਔਰਤਾ ਨੂੰ ਬੁਲਾਇਆ ਅਤੇ ਚਾਦਰਾ ਆਦਿ ਦਾ ਪ੍ਰਬੰਧ ਕੀਤਾ ਅਤੇ ਇਸ ਸਾਰੇ ਘਟਨਾ ਚੱਕਰ ਦੀ ਪੁਲਿਸ ਕ੍ਰਮਚਾਰੀ ਆਪ ਨਿਗਰਾਨੀ ਕਰਦੇ ਹੋਏ ਅਤੇ ਉਚ ਦਰਜੇ ਦੀ ਇਨਸਾਨੀਅਤ ਦਾ ਸਬੂਤ ਦਿੰਦੇ ਹੋਏ ਅਤੇ ਹਰ ਤਰਾ ਦੀ ਨਿਗਰਾਨੀ ਕਰਦੇ ਹੋਏ ਗਰਭਵਤੀ ਔਰਤ ਜੋਤੀ ਦੀ ਖੁਲੇ ਅਸਮਾਨ ਹੇਠਾਂ ਕਾਮਯਾਬ ਡਿਲਿੰਵਰੀ ਕਰਵਾਈ। ਇਸ ਔਰਤ ਨੇ ਲੜਕੇ ਨੂੰ ਜਨਮ ਦਿੱਤਾ।

ਸ੍ਰੀ ਹਰਮਨਬੀਰ ਸਿੰਘ ਨੇ ਦੱਸਿਆ ਕਿ ਇਸ ਸਾਰੀ ਘਟਨਾ ਤੋ ਬਾਅਦ ਇਨ੍ਹਾਂ ਪੁਲਿਸ ਅਫਸਰਾ ਨੇ ਆਪਣੀ ਪ੍ਰਾਈਵੇਟ ਕਾਰ ਵਿਚ ਜਚੇ ਅਤੇ ਬਚੇ ਨੂੰ ਉਹਨਾ ਦੇ ਘਰ ਪਹੁੰਚਾਇਆ। ਮੋਗਾ ਪੁਲਿਸ ਦੁਆਰਾ ਕੀਤੀ ਗਈ ਨਿਵੇਕਲੀਆ ਅਤੇ ਇਨਸਾਨਿਅਤ ਭਰੀ ਕਾਰਵਾਈਆ ਦੀ ਚਾਰ-ਚੁਫੇਰਿਉ ਪੁਰਜੋਰ ਪ੍ਰਸੰਸਾ ਕੀਤੀ ਜਾ ਰਹੀ ਹੈ, ਜਿਸ ਤੇ ਡੀ.ਜੀ.ਪੀ ਪੰਜਾਬ ਸ਼੍ਰੀ ਦਿਨਕਰ ਗੁਪਤਾ ਨੇ ਵੀ ਮੋਗਾ ਪੁਲਿਸ ਦੀ ਵਧੀਆ ਕਾਰਗੁਜਾਰੀ ਨੂੰ ਵੇਖਦੇ ਹੋਏ ਸ਼ਾਬਾਸ਼ ਦਿਤੀ ਹੈ।

# ਮਸ਼ੂਕਾ ਨੇ ਘੇਰੀ ਲਾੜੇ ਦੀ ਕਰੂਜ਼ ਕਾਰ ਗੱਡੀ ਵਿੱਚੋ ਖਿੱਚ ਕੇ ਕੱਢਿਆ ਲਾੜਾ ਬਾਹਰ ...ਅਖੀਰ ਉਸੇ ਨਾਲ ਹੀ ਕਰਵਾਉਣਾ ਪਿਆ ਵਿਆਹ ਜਿਸ ਨੂੰ ਕਰਦਾ ਸੀ ਪਿਆਰ




ਮੋਗਾ/ 15 ਅਪ੍ਰੈਲ 2020/ ਸਰਬਜੀਤ ਰੌਲੀ

ਮੋਗਾ ਦੇ ਲੁਧਿਆਣਾ ਹਾਈਵੇ ਰੋਡ ਤੇ ਉਸ ਵਕਤ ਰੌਚਕ ਘਟਨਾ ਦੇਖਣ ਨੂੰ ਮਿਲੀ ਜਦੋਂ ਕਿ ਇੱਕ ਪ੍ਰੇਮਿਕਾ ਨੇ ਕਿਸੇ ਹੋਰ ਲੜਕੀ ਨੂੰ ਵਿਆਹੁਣ ਜਾ ਰਹੇ ਆਪਣੇ ਪ੍ਰੇਮੀ ਨੂੰ ਰੋਕ ਕੇ ਉਸ ਦੀ ਡੋਲੀ ਵਾਲੀ ਕਾਰ ਘੇਰ ਲਈ ਅਤੇ ਫੁੱਲਾਂ ਨਾਲ ਸ਼ਿੰਗਾਰੀ ਗੱਡੀ ਉੱਪਰੋ ਫੁੱਲ ਵੀ ਖਿਲਾਰ ਦਿੱਤੇ ਅਤੇ ਲਾੜੇ ਦੇ ਸਿਰ ਤੇ ਸਜਾਈ ਦਸਤਾਰ ਤੇ ਸਹਿਰਾ ਵੀ ਲਾ ਕੇ ਗੱਡੀ ਵਿੱਚ ਸੁੱਟ ਦਿੱਤੇ। ਇਸ ਰੋਡ ਉੱਪਰ ਏਨਾ ਹੰਗਾਮਾ ਕੀਤਾ ਕਿ ਮੌਕੇ ਉੱਪਰ ਪੁਲਿਸ ਪਾਰਟੀ ਪੁੱਜ ਗਈ, ਜਿਨ੍ਹਾਂ ਨੇ ਲੜਕੀ ਜਸਪ੍ਰੀਤ ਕੌਰ ਦੇ ਕਹਿਣ ਤੇ ਉਕਤ ਲੜਕੇ ਨੂੰ ਹਿਰਾਸਤ ਵਿਚ ਲੈ ਕੇ ਪੁਲਸ ਚੌਕੀ ਲਿਆਦਾ ਇਕੱਤਰ ਕੀਤੀ।

ਜਾਣਕਾਰੀ ਅਨੁਸਾਰ ਲੜਕੀ ਜਸਪ੍ਰੀਤ ਕੌਰ ਨੇ ਦੱਸਿਆ ਕਿ ਉਹ ਕੱਚਾ ਦੁਸਾਂਝ ਰੋਡ ਮੋਗਾ ਦੀ ਰਹਿਣ ਵਾਲੀ ਹੈ ਅਤੇ ਉਹ ਮੋਗਾ ਲੁਧਿਆਣਾ ਰੋਡ ਤੇ ਬਣੇ ਬਾਲੀ ਫਲੈਟਾ ਕੰਮ ਕਰਦੀ ਸੀ। ਜਿੱਥੇ ਜਗਸੀਰ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਖੋਸਾ ਪਾਂਡੋ ਦੀ ਕੰਮ ਕਰਦਾ ਸੀ ਉਕਤ ਲੜਕੇ ਨਾਲ ਮੇਰੇ ਪ੍ਰੇਮ ਸਬੰਧ ਬਣ ਗਏ ਜਿਸ ਨੇ ਮੇਰੇ ਨਾਲ ਸ਼ਾਦੀ ਰਚਾਉਣ ਦੇ ਵਾਅਦੇ ਕੀਤੇ ਅਤੇ ਸਾਡੀ ਸ਼ਾਦੀ 4 ਅਪ੍ਰੈਲ ਨੂੰ ਹੋਣੀ ਸੀ ਉਕਤ ਲੜਕੇ ਦੀ ਹਾਜ਼ਰੀ ਵਿੱਚ ਸਾਰਾ ਸਾਮਾਨ ਵੀ ਘਰ ਵਿੱਚ ਤਿਆਰ ਕਰ ਲਿਆ ਸੀ। ਪਰ ਅੱਜ ਮੈਂ ਰੋਜ਼ਾਨਾ ਦੀ ਤਰ੍ਹਾਂ ਬਾਲੀ ਫਲੈਟਾਂ ਵਿੱਚ ਕੰਮ ਕਰਨ ਆ ਰਹੀ ਸੀ ਤਾਂ ਰਸਤੇ ਵਿੱਚ ਡੋਲੀ ਵਾਲੀ ਕਾਰ ਖਰਾਬ ਹੋਣ ਕਾਰਨ ਖੜ੍ਹੀ ਸੀ ਜਦੋਂ ਮੈਂ ਦੇਖਿਆ ਕਿ ਉਕਤ ਲਾੜਾ ਤਾ ਮੇਰਾ ਹੀ ਪ੍ਰੇਮੀ ਹੈ ਤਾਂ ਮੇਰੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ ਅਤੇ ਮੈਂ ਰੋਲਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਬੁਲਾ ਲਿਆ ਬੁਲਾ ਲਿਆ ਅਤੇ ਪੁਲਿਸ ਚੌਕੀ ਨੂੰ ਵੀ ਸੂਚਿਤ ਕਰ ਦਿੱਤਾ। ਜਿਨ੍ਹਾਂ ਨੇ ਮੌਕੇ ਤੇ ਆ ਕੇ ਲਾੜੇ ਨੂੰ ਹਿਰਾਸਤ ਵਿੱਚ ਲੈ ਲਿਆ।

ਉਕਤ ਲੜਕੀ ਜਸਪ੍ਰੀਤ ਕੌਰ ਦੀ ਸ਼ਿਕਾਇਤ ਤੇ ਪੁਲਸ ਚੌਕੀ ਦੇ ਮੁੱਖ ਅਫ਼ਸਰ ਜਸਵੰਤ ਸਿੰਘ ਨੇ ਉਕਤ ਲੜਕੇ ਜਗਸੀਰ ਸਿੰਘ ਨੂੰ ਹਿਰਾਸਤ ਵਿਚ ਲੈ ਕੇ ਪੁਲਿਸ ਚੌਕੀ ਲਿਆਂਦਾ ਜਿੱਥੇ ਦੋਵਾਂ ਧਿਰਾਂ ਦੀਆਂ ਪੰਚਾਇਤਾਂ ਨੇ ਆ ਕੇ ਇਹ ਫ਼ੈਸਲਾ ਕੀਤਾ ਕਿ ਜਗਸੀਰ ਸਿੰਘ ਉਕਤ ਲੜਕੀ ਨਾਲ ਹੀ ਵਿਆਹ ਜਾਵੇਗਾ ਜਿਸ ਨਾਲ ਉਸ ਦੇ ਪ੍ਰੇਮ ਸਬੰਧ ਸਨ। ਤਿੰਨ ਘੰਟੇ ਦੀ ਜੱਦੋ ਜਹਿਦ ਮਗਰੋਂ ਉਕਤ ਲਾੜੇ ਨੂੰ ਆਖਰ ਇਸੇ ਹੀ ਲੜਕੀ ਦੇ ਨਾਲ ਵਿਆਹ ਰਚਾਉਣਾ ਪਿਆ। ਇਸ ਮੌਕੇ ਤੇ ਜਸਵੰਤ ਸਿੰਘ ਏ ਐਸ ਨੇ ਦੱਸਿਆ ਕਿ ਜਗਸੀਰ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਖੋਸਾ ਪਾਂਡੋ ਨੇ ਕੋਟਕਪੂਰਾ ਵਿੱਚ ਲੜਕੀ ਨੂੰ ਵਿਆਹੁਣ ਜਾਣਾ ਸੀ ਕਿ ਅਚਾਨਕ ਰਸਤੇ ਵਿੱਚ ਉਸ ਦੀ ਕਾਰ ਖਰਾਬ ਹੋ ਗਈ ਅਤੇ ਉੱਧਰ ਰੋਜਾਨਾ ਦੀ ਤਰਾ ਕੰਮ ਤੇ ਜਾ ਰਹੀ ਉੱਕਤ ਲਾੜੇ ਦੀ ਪ੍ਰੇਮਿਕਾ ਨੇ ਜਦੋ ਦੇਖਿਆ ਤਾ ਉਕਤ ਲਾੜਾ ਉਸ ਦਾ ਹੀ ਪ੍ਰੇਮੀ ਨਿਕਲਿਆ ਇਹ ਦੇਖ ਲਿਆ ਜਿਸ ਨੇ ਉਨ੍ਹਾਂ ਦੀ ਸ਼ਿਕਾਇਤ ਕਰ ਦਿੱਤੀ ਅਤੇ ਬਾਅਦ ਵਿੱਚ ਦੋਵਾਂ ਧਿਰਾਂ ਦੀ ਸਹਿਮਤੀ ਮਗਰੋਂ ਗੁਰਦੁਆਰਾ ਬਾਬਾ ਵਿਸ਼ਵਕਰਮਾ ਭਵਨ ਮੋਗਾ ਵਿਖੇ ਸਿੱਖ ਰੀਤੀ ਰਿਵਾਜ਼ਾਂ ਨਾਲ ਦੋਵਾ ਦਾ ਵਿਆਹ ਹੋ ਗਿਆ।

# ਫੱਕਰ ਬਾਬਾ ਦਾਮੂੰ ਸ਼ਾਹ ਜੀ ਪਿੰਡ ਲੋਹਾਰਾ ਦੇ ਸਾਬਕਾ ਪ੍ਰਧਾਨ ਚਮਕੌਰ ਸਿੰਘ ਸੰਘਾ (ਕੈਨੇਡਾ) ਦੇ ਪਿਤਾ ਸ. ਸੂਰਤ ਸਿੰਘ ਸੰਘਾ ਦਾ ਦੇਹਾਂਤ

## ਮਹਿਕ ਵਤਨ ਦੀ ਲਾਈਵ' ਵੱਲੋਂ ਸ. ਚਮਕੌਰ ਸਿੰਘ ਸੰਘਾ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ

ਮੋਗਾ/ 30 ਅਪ੍ਰੈਲ 2020/ ਮਵਦੀਲਾ ਬਿਓਰੋ

ਇਲਾਕੇ ਦੀ ਮਸ਼ਹੂਰ ਦਰਗਾਹ ਫੱਕਰ ਬਾਬਾ ਦਾਮੂੰ ਸ਼ਾਹ ਜੀ ਪਿੰਡ ਲੋਹਾਰਾ ਦੇ ਸਾਬਕਾ ਪ੍ਰਧਾਨ ਸ. ਚਮਕੌਰ ਸਿੰਘ ਸੰਘਾ ਦੇ ਪਿਤਾ ਸ. ਸੂਰਤ ਸਿੰਘ ਸੰਘਾ ਦਾ ਬੀਤੇ ਦਿਨੀ ਦੇਹਾਂਤ ਹੋ ਗਿਆ ਹੈ। ਜਿਸ ਤੇ 'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਸ. ਚਮਕੌਰ ਸਿੰਘ ਸੰਘਾ (ਕੈਨੇਡਾ) ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆ ਬਾਬਾ ਜਸਵੀਰ ਸਿੰਘ ਜੀ ਲੋਹਾਰਾ ਨੇ ਦੱਸਿਆ ਕਿ ਇਲਾਕੇ ਦੀ ਮੰਨੀ-ਪ੍ਰਮੰਨੀ ਅਤੇ ਮਸ਼ਹੂਰ ਦਰਗਾਹ ਫੱਕਰ ਬਾਬਾ ਦਾਮੂੰ ਸ਼ਾਹ ਜੀ ਪਿੰਡ ਲੋਹਾਰਾ ਦੇ ਸਾਬਕਾ ਪ੍ਰਧਾਨ ਚਮਕੌਰ ਸਿੰਘ ਸੰਘਾ ਅਤੇ ਗੁਰਮੀਤ ਸਿੰਘ ਸੰਘਾ ਦੇ ਪਿਤਾ ਸ. ਸੂਰਤ ਸਿੰਘ ਸੰਘਾ ਦਾ ਬੀਤੇ ਦਿਨੀ ਦੇਹਾਂਤ ਹੋ ਗਿਆ ਹੈ। ਜਿਨ੍ਹਾਂ ਦਾ ਅੰਤਿਮ ਸਸਕਾਰ 30 ਅਪ੍ਰੈਲ ਨੂੰ ਪਿੰਡ ਲੋਹਾਰਾ ਵਿਖੇ ਕੀਤਾ ਗਿਆ।

ਕਰੋਨਾ ਵਾਇਰਸ ਦੇ ਚਲਦਿਆਂ ਸਰਕਾਰ ਦੀਆਂ ਦਿੱਤੀਆਂ ਹਿਦਾਇਤਾਂ ਮੰਨਦੇ ਹੋਏ ਸ. ਚਮਕੌਰ ਸਿੰਘ ਸੰਘਾ ਦੀ ਬੇਨਤੀ ਤੇ ਸ. ਸੂਰਤ ਸਿੰਘ ਜੀ ਦਾ ਸਸਕਾਰ ਪਰਿਵਾਰਕ ਮੈਂਬਰਾ ਵੱਲੋਂ ਹੀ ਕੀਤਾ ਗਿਆ। ਸਬੰਧਤ ਦੋਸਤਾਂ, ਮਿੱਤਰਾ ਅਤੇ ਰਿਸ਼ਤੇਦਾਰਾਂ ਨੇ ਫੋਨ ਰਾਹੀਂ ਹੀ ਦੁੱਖ ਸਾਂਝਾ ਕੀਤਾ।

ਇਸੇ ਸਬੰਧ ਵਿੱਚ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਚੀਫ ਐਡੀਟਰ ਭਵਨਦੀਪ ਸਿੰਘ ਪੁਰਬਾ ਨੇ ਸਮੂੰਹ ਸਟਾਫ ਸਮੇਤ ਸ. ਚਮਕੌਰ ਸਿੰਘ ਸੰਘਾ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਏਸ ਦੁੱਖ ਦੀ ਘੜੀ ਵਿੱਚ ਅਸੀਂ ਸਾਰੇ ਪਰਿਵਾਰ ਦੇ ਦੁੱਖ 'ਚ ਸ਼ਰੀਕ ਹਾਂ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾ ਕਿ ਉਹ ਬਾਪੂ ਸ. ਸੂਰਤ ਸਿੰਘ ਸੰਘਾ ਦੀ ਵਿਛੜੀ ਰੂਹ ਨੂੰ ਸਾਂਤੀ ਬਖਸ਼ੇ।

ਇਸ ਸਬੰਧ ਵਿੱਚ ਹੋਰਨਾ ਤੋਂ ਇਲਾਵਾ ਬਾਬਾ ਜਸਵੀਰ ਸਿੰਘ ਲੋਹਾਰਾ, ਬਾਬਾ ਗੁਰਦੀਪ ਸਿੰਘ ਚੰਦਪੁਰਾਣਾ, ਸ. ਗੁਰਮੇਲ ਸਿੰਘ ਪੁਰਬਾ, ਸਤਨਾਮ ਸਿੰਘ ਲੋਹਾਰਾ, ਇਕਬਾਲ ਸਿੰਘ ਖੋਸਾ, ਸ. ਭੁਪਿੰਦਰ ਸਿੰਘ ਬੇਦੀ, ਕਮਲਜੀਤ ਸਿੰਘ ਪੁਰਬਾ, ਬੇਅੰਤ ਸਿੰਘ ਲੋਹਾਰਾ, ਢਾਡੀ ਸਾਧੂ ਸਿੰਘ ਧੰਮੂ, ਬਲਸ਼ਰਨ ਸਿੰਘ, ਜਸਵੀਰ ਸਿੰਘ ਪੁੜੈਣ, ਭਾਈ ਹਰਪ੍ਰੀਤ ਸਿੰਘ ਚੜਿੱਕ, ਕੁਲਵਿੰਦਰ ਤਾਰੇਵਾਲਾ, ਡਾ. ਜਗਤਾਰ ਸਿੰਘ ਪਰਮਿਲ, ਹਰਕੀਰਤ ਬੇਦੀ, ਦਵਿੰਦਰ ਸਿੰਘ ਪੱਪੂ 'ਬੁੱਟਰ', ਸਨਦੀਪ ਬੇਦੀ, ਬਲਦੇਵ ਸਿੰਘ ਅਜਾਦ ਆਦਿ ਵੱਲੋਂ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

### ਵਿਸ਼ੇਸ ਨੋਟ:

'ਮਹਿਕ ਵਤਨ ਦੀ ਲਾਈਵ' ਵੱਲੋਂ ਲਾਈਆ ਜਾਂ ਰਹੀਆਂ ਖਬਰਾ ਸਰਕਾਰ ਦੁਆਰਾ ਭੇਜੇ ਗਏ ਪ੍ਰੈਸ ਨੋਟ ਅਤੇ ਇਟਰਨੈੱਟ ਤੋਂ ਲਈ ਗਈ ਜਾਣਕਾਰੀ ਅਨੁਸ਼ਾਰ ਹਨ ਕਿਉਂਕਿ ਸਾਡੇ ਫੀਲਡ ਪੱਤਰਕਾਰ ਕਰਫਿਉ ਕਾਰਨ ਆਪਣੀਆਂ ਸੇਵਾਵਾ ਦੇਣ ਤੋਂ ਅਸਮਰਥ ਹਨ। ਇਸ ਲਈ ਕਿਸੇ ਵੀ ਖਬਰ ਦੀ ਪੂਰਨ ਰੂਪ ਵਿੱਚ ਸਚਾਈ ਨਾ ਹੋਣ ਤੇ ਅਦਾਰਾ 'ਮਹਿਕ ਵਤਨ ਦੀ ਲਾਈਵ' ਜੁੰਮੇਵਾਰ ਨਹੀਂ ਹੋਵੇਗਾ।

– ਮੁੱਖ ਸੰਪਾਦਕ

Bombay Bhel restaurant®
2525 Hampshire Gate
(Dundas and Winston Churchill)
Oakville, Ontario. L6H 6CB
905.829.1040
www.bombaybhelrestaurant.com

'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ.
SUBSCRIBE
Mehak Watan Di Live
Subscribe
LIKE
& SHARE

ਕੈਨੇਡਾ ਵਿੱਚ ਪੜ੍ਹਣ ਗਏ ਪੰਜਾਬੀ ਜਾਂ ਕਿਸੇ ਹੋਰ ਕੰਟਰੀ ਦੇ ਵਿਦਿਆਰਥੀਆਂ ਨੂੰ ਕਿਸੇ ਵੀ ਕਿਸਮ ਦੀ ਕੋਈ ਮੁਸ਼ਕਿਲ ਆ ਰਹੀ ਹੋਵੇ ਤਾਂ ਸਾਡੇ ਨਾਲ ਸੰਪਰਕ ਕਰਨ!
ONE VOICE CANADA
E-mail: info@onevoicecanada.org
Facebook: https://www.facebook.com/1voicecanada/
Twiter: https://twitter.com/OneVoiceCanada1